ਫ਼ਰਵਰੀ ਪਰੀਖਿਆ 2022. (ਟਰਮ II ਸਬਜੈਕਟਿਵ)

ਜਮਾਤ ਨੌਵੀਂ

ਵਿਸ਼ਾ ਪੰਜਾਬੀ-004

ਸਮਾਂ 90 - ਮਿੰਟ ਕੁਲ ਅੰਕ - 40

ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :

1.ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ ਅਨੁਸਾਰ ਹੱਲ ਕੀਤਾ ਜਾਵੇ।

2.ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ, ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਬਿਲਕੁਲ ਸਹੀ ਅਤੇ ਪ੍ਰਸ਼ਨ-ਪੱਤਰ ਅਨੁਸਾਰ ਲਿਖੇ ਜਾਣ।

3.ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

ਭਾਗ ਪਹਿਲਾ : ਵਿਆਕਰਨ (Part A: Grammar)

1. ਹੇਠ ਲਿਖੇ ਵਿਸਮਿਕ ਨਾਲ ਸੰਬੰਧਿਤ ਪ੍ਰਸ਼ਨਾਂ ਵਿਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ ਲਿਖੋ:- (1X4=4)

i) ਵਿਸਮਿਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

ii) ਪ੍ਰਸ਼ੰਸਾ-ਵਾਚਕ ਵਿਸਮਿਕ ਦੀਆਂ ਕੋਈ ਦੋ ਉਦਾਹਰਨਾਂ ਦਿਓ।

iii) ਹੈਰਾਨੀ ਵਾਚਕ ਵਿਸਮਿਕ ਕੀ ਹੁੰਦਾ ਹੈ?

iv) ਸੂਚਨਾ ਵਾਚਕ ਵਿਸਮਿਕ ਕੀ ਹੁੰਦਾ ਹੈ?

v) ਵਿਸਮਕ ਸ਼ਬਦਾਂ ਦੇ ਲਿਖਣ ਵੇਲੇ ਕਿਹੜਾ ਚਿੰਨ੍ਹ ਵਰਤਿਆ ਜਾਂਦਾ ਹੈ?

2. ਹੇਠ ਲਿਖੇ ਪੰਜ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ:-
i) ਉਸਤਾਦੀ ਕਰਨੀ ii) ਅੱਖਾਂ ਫੇਰ ਲੈਣੀਆਂ iii) ਇਟ ਕੁੱਤੇ ਦਾ ਵੈਰ iv) ਹੱਥ ਤੰਗ ਹੋਣਾ v) ਸਾਖੀ ਭਰਨੀ (1X4=4)

ਭਾਗ ਦੂਜਾ : ਪ੍ਰਭਾਵਸ਼ਾਲੀ ਲਿਖਣ ਕੌਸ਼ਲ (Part B: writing skill)

3. ਹੇਠ ਲਿਖਿਆਂ ਵਿੱਚੋਂ ਕਿਸੇ ਇਕ ਵਿਸ਼ੇ ਤੇ 200 ਸ਼ਬਦਾਂ ਵਿੱਚ ਲੇਖ ਲਿਖੋ। (8X1=8)

i) ਰੁੱਖਾਂ ਦੇ ਲਾਭ

ਭੂਮਿਕਾ....... ਰੁੱਖਾਂ ਦੇ ਲਾਭ .........ਰੁੱਖਾਂ ਤੇ ਕਹਿਰ .......ਰੁੱਖਾਂ ਦੀ ਮਹੱਤਤਾ .......ਰੁੱਖ ਲਗਾਉਣ ਦੀ ਲੋੜ...... ਸਾਰ ਅੰਸ਼

ii) ਵਿਦਿਆਰਥੀ ਜੀਵਨ

ਭੂਮਿਕਾ .....ਵਿਦਿਆਰਥੀ ਜੀਵਨ ......ਜ਼ਿੰਦਗੀ ਦਾ ਆਧਾਰ...... ਵਿਦਿਆਰਥੀ ਜੀਵਨ ਦੀ ਮਹੱਤਤਾ...... ਪ੍ਰਤਿਯੋਗਿਤਾਵਾਂ ਭਾਗ ਲੈਣਾ..... ਕਸਰਤ .......ਸਦਾਚਾਰਕ ਜੀਵਨ .......ਸੰਗਤ ਦਾ ਪ੍ਰਭਾਵ ......ਮਾਪਿਆਂ ਲਈ ਕਰਤੱਵ....... ਉਸਾਰੂ ਕੰਮਾਂ ਵਿੱਚ ਹਿੱਸਾ ਲੈਣਾ........ ਸਾਰ ਅੰਸ਼

iii) ਮੇਰਾ ਮਨ ਪਸੰਦ ਅਧਿਆਪਕ

ਭੂਮਿਕਾ ......ਜੀਵਨ ਉਦੇਸ਼ ......ਪੜ੍ਹਾਉਣ ਦਾ ਢੰਗ .....ਵਿਦਿਆਰਥੀਆਂ ਨਾਲ ਪਿਆਰ ......ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨਾ .......ਪ੍ਰਬੰਧਕ .......ਹੋਰ ਗੁਣ .........ਸਾਰ ਅੰਸ਼

4.ਲਾਊਡ ਸਪੀਕਰਾਂ ਦੀ ਦੁਰਵਰਤੋਂ ਸੰਬੰਧੀ ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ:- (7X1=7)

ਮੁਨਾਦੀ ਵਾਲੇ ....ਜਗਰਾਤੇ ਵਾਲੇ..... ਧਾਰਮਿਕ ਸਥਾਨਾਂ ਤੇ...... ਰੋਗੀ ਅਤੇ ਵਿਦਿਆਰਥੀ ਪਰੇਸ਼ਾਨ...... ਸ਼ੋਰ ਸ਼ਰਾਬਾ .......ਧੁਨੀ ਪ੍ਰਦੂਸ਼ਣ .... ਕਨੂੰਨ ਦੁਆਰਾ ਅਵਾਜ਼ ਬੰਦ। ਜਾਂ

ਤੁਹਾਡਾ ਛੋਟਾ ਭਰਾ ਸਾਰਾ ਦਿਨ ਟੀ .ਵੀ. ਵੇਖਦਾ ਹੈ ,ਉਸ ਨੂੰ ਇੱਕ ਪੱਤਰ ਰਾਹੀਂ ਇਸ ਭੈੜੀ ਆਦਤ ਦਾ ਤਿਆਗ ਕਰਨ ਤੇ ਪੜ੍ਹਾਈ ਕਰਨ ਦੀ ਪ੍ਰੇਰਨਾ ਦਿਓ:-

ਸਾਰਾ ਸਮਾਂ ਟੀ .ਵੀ ਵੇਖਣ ਵਿੱਚ ਗੁਆ ਦੇਣਾ ......ਫਜ਼ੂਲ ਪ੍ਰੋਗਰਾਮ .......ਮਾਪੇ ਔਖੇ ਹੋ ਕੇ ਪੜ੍ਹਾਉਂਦੇ....... ਭੜਕਾਊ ਪ੍ਰੋਗਰਾਮ ਭੜਕਾਊ ਵਿਚਾਰ ਦਿੰਦੇ .......ਦੂਜਿਆਂ ਤੋਂ ਪ੍ਰੇਰਨਾ ਲੈ ਕੇ ਪੜ੍ਹਨਾ...... ਪੜ੍ਹ-ਲਿਖ ਕੇ ਆਪਣੇ ਸੁਪਨੇ ਸਾਕਾਰ ਕਰਨਾ।

ਭਾਗ ਤੀਜਾ ਪਾਠ ਪੁਸਤਕਾਂ ਤੇ ਅਧਾਰਿਤ (Part C Text books)

5. ਹੇਠ ਲਿਖੇ ਕਵਿਤਾਵਾਂ ਤੇ ਕਹਾਣੀਆਂ ਤੇ ਅਧਾਰਿਤ ਛੇ ਪ੍ਰਸ਼ਨਾਂ ਵਿਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਇੱਕ -ਦੋ ਸ਼ਬਦਾਂ ਵਿੱਚ ਲਿਖੋ:-

i) ਪੱਛਮੀ ਸੱਭਿਅਤਾ ਵਿੱਚ ਕੌਣ ਕਿਸ ਦੀ ਲੁੱਟ-ਖਸੁੱਟ ਕਰਦਾ ਸੀ? (5X1=5)

ii) ਮਾਤਾ ਗੁਜਰੀ ਜੀ ਕੌਣ ਸਨ?

iii) ਭਾਰਤ ਦਾ ਸਾਊਪੁਣਾ ਕਿਸ ਨੇ ਰਿੰਨ੍ਹ ਕੇ ਖਾਹ ਲਿਆ ਹੈ?

iv) ਦਰਬਾਰਾ ਸਿੰਘ ਵੱਲ ਦੀ ਕੰਧ ਕਿਹੋ ਜਿਹੀ ਸੀ?

v) ਲੇਡੀ ਡਕਟਰ ਪਾਲੀ ਦੀ ਬਦਲੀ ਕਿੱਥੇ ਦੀ ਹੋ ਗਈ ਸੀ?

vi) 'ਮਾਤਾ ਗੁਜਰੀ ਜੀ' ਕਵਿਤਾ ਕਿਸ ਕਵੀ ਦੀ ਰਚਨਾ ਹੈ?

6.ਹੇਠ ਲਿਖੇ ਕਹਾਣੀਆਂ ਤੇ ਇਕਾਂਗੀ ਤੇ ਅਧਾਰਿਤ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਲਿਖੋ:

i) ਬੱਸ ਕੰਡਕਟਰ ਨੇ ਪਾਲੀ ਨਾਲ ਆਪਣਾ ਕਿਹੜਾ ਰਾਜ਼ ਸਾਂਝਾ ਕੀਤਾ? (2X2=4)

ii) ਕੁਲਦੀਪ ਆਪਣੀ ਪਤਨੀ ਸਿਰਜਣਾ ਵੱਲੋਂ ਆਏ ਫ਼ੋਨ ਤੋਂ ਨਾਰਾਜ਼ ਕਿਉਂ ਹੈ?

iii) ਦਰਬਾਰਾ ਸਿੰਘ ਨੂੰ ਕਪੂਰ ਸਿੰਘ ਨਾਲ ਕੰਧ ਸਾਂਝੀ ਕਰਨ ਦੀ ਲੋੜ ਕਿਉਂ ਨਹੀਂ ਸੀ?

7. ਵਾਰਤਕ ਪਾਠ ਉਤੇ ਅਧਾਰਿਤ ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਲਿਖੋ:- ( 4X1=4)

ਔਖਾ ਕੰਮ ਨੇਪਰੇ ਚਾੜ੍ਹਨ ਲਈ ਬੇਬੇ ਆਪਣੇ ਪੁੱਤਰਾਂ ਨੂੰ ਕੀ ਸੰਦੇਸ਼ ਦਿੰਦੀ ਸੀ?

ਜਾਂ

'ਬੇਬੇ ਜੀ 'ਪਾਠ ਦੇ ਲੇਖਕ ਦਾ ਬਚਪਨ ਦਾ ਜੀਵਨ ਕਿਹੋ ਜਿਹਾ ਸੀ?

8.ਇਕਾਂਗੀ ਉੱਤੇ ਅਧਾਰਿਤ ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਲਿਖੋ:- (4X1=4)

ਸਿਰਜਣਾ ਦਾ ਪਾਤਰ ਚਿਤਰਨ ਕਰੋ।

ਜਾਂ

ਮਾਸੀ (ਸਫ਼ਾਈ ਸੇਵਕਾ) ਦਾ ਪਾਤਰ ਚਿਤਰਨ ਕਰੋ।

Baljit Kaur
20/01/2022